ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੰਗਲਵਾਰ, ਮਿਤੀ 12 ਅਗਸਤ, 2014 ਨੂੰ ਬਾਅਦ ਦੁਪਹਿਰ 2.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਡਾ. ਐਮ.ਐਸ. ਹੁੰਦਲ,
   ਡੀਨ, ਅਕਾਦਮਿਕ ਮਾਮਲੇ
3. ਡਾ. ਐਚ.ਐਸ. ਭਾਟੀਆ,
   ਡੀਨ, ਲੈਂਗੂਏਜ਼ਿਜ਼ ਫੈਕਲਟੀ।
4. ਡਾ. ਸੁਖਦੇਵ ਸਿੰਘ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ।
5. ਡਾ. ਸੁਖਦੇਵ ਸਿੰਘ ਖਾਹਰਾ,
   ਪ੍ਰੋਫੈਸਰ ਅਤੇ ਮੁਖੀ, ਸਕੂਲ ਆਫ ਪੰਜਾਬੀ ਸਟੱਡੀਜ਼।
6. ਡਾ. ਕਮਲੇਸ਼ ਸਿੰਘ ਦੁੱਗਲ,
   ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਭਾਗ।
7. ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ,
   ਪ੍ਰਿੰਸੀਪਲ, ਐਸ.ਜੀ.ਏ.ਡੀ. ਸਰਕਾਰੀ ਕਾਲਜ, ਤਰਨ-ਤਾਰਨ।
8. ਸ਼੍ਰੀ ਆਸਾ ਰਾਮ,
   ਪ੍ਰਿੰਸੀਪਲ, ਸਰਕਾਰੀ ਕਾਲਜ, ਭੁਲੱਥ।
9. ਡਾ. (ਸ਼੍ਰੀਮਤੀ) ਰੁਪਿੰਦਰਜੀਤ ਕੌਰ ਗਰੇਵਾਲ,
   ਪ੍ਰਿੰਸੀਪਲ, ਜੀ.ਐਨ.ਬੀ.ਐਲ. ਰਾਮਗੜ੍ਹੀਆ ਕਾਲਜ ਫਾਰ ਵੂਮੈਨ, ਫਗਵਾੜਾ।
10. ਡਾ. ਚਰਨਜੀਤ ਸਿੰਘ ਬੱਲ, ਅੰਮ੍ਰਿਤਸਰ।
11. ਸ. ਜਗਦੀਸ਼ ਸਿੰਘ, ਅੰਮ੍ਰਿਤਸਰ।
12. ਡਾ. ਇੰਦਰਜੀਤ ਸਿੰਘ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਮਹਿਮੂਦ ਮੀਆਂ, ਡਾ. ਜੇ.ਐਸ. ਢਿੱਲੋਂ, ਡਾ. ਬਲਵਿੰਦਰ ਸਿੰਘ, ਡਾ.(ਮਿਸਿਜ਼) ਜਸਮੀਤ ਸੰਧੂ, ਡਾ. ਸੁਚਾਰਿਤਾ ਸ਼ਰਮਾ, ਡਾ. ਪਰਮਜੀਤ ਕੌਰ, ਪ੍ਰੋਫੈਸਰ ਐਸ.ਐਸ. ਗਿੱਲ, ਕੈਪਟਨ ਬਲਬੀਰ ਸਿੰਘ ਬਾਠ, ਸ. ਲਖਬੀਰ ਸਿੰਘ ਲੋਧੀਨੰਗਲ ਅਤੇ ਡਾ. ਵਿਨੈ ਕਪੂਰ ਮਹਿਰਾ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਉੱਤੇ ਡਾ. ਐਚ.ਐਸ. ਭਾਟੀਆ, ਡਾ. ਏ.ਜੇ.ਐਸ. ਭੰਵਰ, ਡਾ. ਸੁਖਦੇਵ ਸਿੰਘ, ਡਾ. ਕਮਲੇਸ਼ ਸਿੰਘ ਦੁੱਗਲ,

ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ, ਸ਼੍ਰੀ ਆਸਾ ਰਾਮ ਅਤੇ ਡਾ. ਚਰਨਜੀਤ ਸਿੰਘ ਬੱਲ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 30.6.2014 ਦੀ ਕਾਰਵਾਈ ਦੀ ਪੁਸ਼ਟੀ।

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 30.6.2014 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 30.6.2014 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 30.6.2014 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (v) ਅਧੀਨ ਮਿਤੀ 1.7.2014 ਤੋਂ 30.6.2016 ਤੱਕ ਦੇ ਸਮੇਂ ਲਈ ਵਿਤ ਕਮੇਟੀ ਦੇ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਾ. ਗੁਰਪ੍ਰੀਤ ਕੌਰ, ਪ੍ਰੋਫੈਸਰ, ਸੰਗੀਤ ਵਿਭਾਗ ਦੀ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. ਗੁਰਪ੍ਰੀਤ ਕੌਰ, ਪ੍ਰੋਫੈਸਰ, ਸੰਗੀਤ ਵਿਭਾਗ ਨੂੰ ਮਿਤੀ 1.7.2014 ਤੋਂ ਮਿਤੀ 30.6.2017 ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਸਬੰਧਤ ਪ੍ਰੋਫੈਸਰਾਂ (ਮੁੜ-ਨਿਯੁਕਤ) ਦੇ ਅਸਤੀਫੇ ਦੀ ਪੁਸ਼ਟੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਜਸਪਾਲ ਸਿੰਘ, ਪ੍ਰੋਫੈਸਰ(ਰਿਟਾ.) (ਮੁੜ-ਨਿਯੁਕਤ), ਲਾਅ ਵਿਭਾਗ ਦੀ ਬੇਨਤੀ ਮਿਤੀ 7.7.2014 ਨੂੰ ਮੁੱਖ ਰੱਖਦਿਆਂ ਉਨ੍ਹਾਂ ਦਾ ਮਿਤੀ 9.7.2014 (ਬਾਅਦ ਦੁਪਹਿਰ) ਤੋਂ ਅਸਤੀਫਾ ਪ੍ਰਵਾਨ ਕੀਤਾ ਹੈ।

(ਅ) ਡਾ. ਸਤਿੰਦਰ ਕੌਰ, ਪ੍ਰੋਫੈਸਰ (ਰਿਟਾ.) (ਮੁੜ-ਨਿਯੁਕਤ), ਫੂਡ ਸਾਇੰਸ

ਤੇ ਟੈਕਨਾਲੋਜੀ ਵਿਭਾਗ ਦੀ ਬੇਨਤੀ ਮਿਤੀ 15.7.2014 ਨੂੰ ਮੁੱਖ ਰੱਖਦਿਆਂ ਘਰੇਲੂ ਕਾਰਣਾਂ ਕਰਕੇ ਉਨ੍ਹਾਂ ਦਾ ਮਿਤੀ 21.7.2014 (ਬਾਅਦ ਦੁਪਹਿਰ) ਤੋਂ ਅਸਤੀਫਾ ਪ੍ਰਵਾਨ ਕੀਤਾ ਹੈ।

ਡਾ. ਬੀ.ਐਸ. ਚੱਢਾ, ਪ੍ਰੋਫੈਸਰ, ਮਾਈਕ੍ਰੋਬਿਆਲੋਜੀ ਵਿਭਾਗ ਨੂੰ Stockholm (Sweden) ਵਿਖੇ Workshop ਵਿਚ ਸ਼ਾਮਲ ਹੋਣ ਲਈ ਆਗਿਆ।

6. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਬੀ.ਐਸ. ਚੱਢਾ, ਪ੍ਰੋਫੈਸਰ, ਮਾਈਕ੍ਰੋਬਿਆਲੋਜੀ ਵਿਭਾਗ ਨੂੰ Stockholm (Sweden) ਵਿਖੇ ਮਿਤੀ 20-21 ਅਗਸਤ, 2014 ਨੂੰ ਹੋਣ ਵਾਲੀ ਦੋ ਦਿਨਾਂ “Bio-Based Economy” workshop ਵਿਚ DST ਦੇ ਖਰਚੇ ‘ਤੇ ਸ਼ਾਮਲ ਹੋਣ ਦੀ ਆਗਿਆ ਦਿੱਤੀ ਜਾਂਦੀ ਹੈ।

ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪਰਵਾਨਗੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਅੱਗੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਜਾਂਦੀ ਹੈ-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਕਮਲਜੀਤ ਸਿੰਘ, ਪ੍ਰੋਫੈਸਰ, ਕੈਮਿਸਟਰੀ ਵਿਭਾਗ | FLOHET-2015 Annual Florida Heterocyclic and Synthetic IUPAC-Sponsored Conference to be held in Florida, USA from 01-04 March, 2015. |

ਸ੍ਰੀਮਤੀ ਅਨੀਤਾ ਕੁਮਾਰੀ, ਨਿਗਰਾਨ, ਗੁਪਤ ਸ਼ਾਖਾ ਨੂੰ ਕਮਾਈ ਛੁੱਟੀ ਦੌਰਾਨ Malaysia ਅਤੇ Thailand ਜਾਣ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀਮਤੀ ਅਨੀਤਾ ਕੁਮਾਰੀ, ਨਿਗਰਾਨ, ਗੁਪਤ ਸ਼ਾਖਾ ਨੂੰ ਮਿਤੀ 7.7.2014 ਤੋਂ 25.7.2014 ਤੱਕ 19 ਦਿਨਾਂ ਦੀ ਕਮਾਈ ਛੁੱਟੀ ਦੌਰਾਨ Malaysia ਅਤੇ Thailand ਜਾਣ ਦੀ ਆਗਿਆ ਦਿੱਤੀ ਹੈ।

ਮਿਸ. ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ. ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 28.7.2014 ਅਤੇ 29.7.2014 ਦੀ ਦੋ ਦਿਨ ਦੀ ਬ੍ਰੇਕ ਦੇ ਕੇ ਮਿਤੀ 30.7.2014 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ ‘ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਵਾਧਾ ਕੀਤਾ ਹੈ।

**ਸ਼੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ, ਉਸਾਰੀ ਵਿਭਾਗ ਦੀ ਮੁੜ-ਨਿਯੁਕਤੀ ਵਿਚ ਵਾਧਾ।**

10. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਅਜੀਤ ਸਿੰਘ (ਰਿਟਾ.), ਮੰਡਲ ਲੇਖਾਕਾਰ, ਉਸਾਰੀ ਵਿਭਾਗ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 3.7.2014 ਨੂੰ ਖਤਮ ਹੋ ਗਈ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਹਾਜਰ ਹੋਣ ਦੀ ਮਿਤੀ ਤੋਂ ਤਿੰਨ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਵਿਭਾਗਾਂ ਦਾ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਪੰਜਾਬ ਸਕੂਲ ਆਫ ਇਕਨਾਮਿਕਸ ਵਿਖੇ 2,34,437.68/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 26.5.2014 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਵਿਖੇ 86539/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 2.6.2014 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਦੀ ਐਮ.ਐਡ. ਅਪ੍ਰੈਲ-2013 ਦੀ ਵਿਦਿਆਰਥਣ-ਅੰਬਿਕਾ ਭਾਟੀਆ ਨੂੰ ਜੁਰਮਾਨਾ ਫੀਸ ਸਹਿਤ ਵਾਈਵਾ-ਵੋਸ ਪ੍ਰੀਖਿਆ ਦੇਣ ਦੀ ਪੁਸ਼ਟੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਦੀ ਐਮ.ਐਡ. ਅਪ੍ਰੈਲ-2013 ਦੀ ਵਿਦਿਆਰਥਣ- ਅੰਬਿਕਾ ਭਾਟੀਆ, ਰੋਲ ਨੰਬਰ: 92013480452, ਜੋ ਖੋਜ ਨਿਬੰਧ ਤੇ ਮਿਤੀ 22.7.2013 ਨੂੰ ਆਪਣੀ ਵਾਈਵਾ-ਵੋਸ ਪ੍ਰੀਖਿਆ ਨਹੀਂ ਦੇ ਸਕੀ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ 5000/- ਰੁਪਏ ਜੁਰਮਾਨਾ ਫੀਸ ਨਾਲ ਐਮ.ਐਡ. ਅਪ੍ਰੈਲ-2014 ਦੇ ਵਿਦਿਆਰਥੀਆਂ ਨਾਲ ਵਾਈਵਾ-ਵੋਸ ਪ੍ਰੀਖਿਆ ਦੇਣ ਦੀ ਆਗਿਆ ਦਿੱਤੀ ਹੈ।

**ਡਾ. ਸੁਰਿੰਦਰ ਪਾਲ ਸਿੰਘ ਕੈਂਥ, ਅਸਿਸਟੈਂਟ ਪ੍ਰੋਫੈਸਰ, ਗਣਿਤ ਵਿਭਾਗ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪੁਸ਼ਟੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਰਿੰਦਰ ਪਾਲ ਸਿੰਘ ਕੈਂਥ, ਅਸਿਸਟੈਂਟ ਪ੍ਰੋਫੈਸਰ, ਗਣਿਤ ਵਿਭਾਗ ਦੀ ਮਿਤੀ 30.7.2014 ਤੋਂ 29.7.2015 ਤੱਕ, ਇਕ ਸਾਲ ਲਈ, ਅਸਿਸਟੈਂਟ ਪ੍ਰੋਫੈਸਰ ਵਜੋਂ ਗਣਿਤ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਜਾਇਨ ਕਰਨ ਹਿੱਤ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਕੀਤੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

14. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਸੰਦੀਪ ਕੌਰ | Epidemiology of Blood Pressure in Relation to certain Quantitative Traits among Urban Punjabi Adolescents. | ਹਿਊਮਨ ਜੈਨੇਟਿਕਸ-ਲਾਈਫ ਸਾਇੰਸਜ਼ ਫੈਕਲਟੀ। |
| 2. | ਕਿਰਨਦੀਪ ਕੌਰ | Development of Biocatalytic Methods for Procuring Enantiomerically Pure Alcohols. | ਕੈਮਿਸਟਰੀ-ਸਾਇੰਸਜ਼ ਫੈਕਲਟੀ। |
| 3. | ਹਰਪ੍ਰੀਤ ਸਿੰਘ | Physicochemical Studies on Some Drugs and Vitamins in Aqueous Solutions. | - ਉਹੀ - |
| 4. | ਵਿਕਾਸ ਕੁਮਾਰ | Design, Synthesis and Evaluation of Catalytic and Biological Activity of Peptidyl Thiourea Derivatives. | - ਉਹੀ - |
| 5. | ਸੰਦੀਪ ਕੌਰ | Structural Properties of Borate and Silicate Glasses for Gamma –ray Shielding Applications. | ਫਿਜ਼ਿਕਸ-ਸਾਇੰਸਜ਼ ਫੈਕਲਟੀ। |

**ਉਪ-ਕੁਲਪਤੀ ਸਾਹਿਬ ਦਾ ਬਿਆਨ।**

15. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਜੂਨ, 2014 ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਨੈਸ਼ਨਲ/ਮਲਟੀ ਨੈਸ਼ਨਲ ਕੰਪਨੀਆਂ ਵੱਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 17 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2014 ਦੇ ਕੁੱਲ 377 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

2. <u>ਅਕਾਦਮਿਕ ਸਟਾਫ ਕਾਲਜ ਦੀਆਂ ਗਤੀਵਿਧੀਆਂ</u>

    1. 2 ਜੁਲਾਈ ਨੂੰ ਅਧਿਆਪਕਾਂ ਅਤੇ ਖੋਜਾਰਥੀਆਂ ਲਈ ਬੇਸਿਕ ਸਟੈਟਿਸਟਿਕਸ ਵਿਸ਼ੇ ‘ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਦਿੱਲੀ ਯੂਨੀਵਰਸਿਟੀ ਦੇ ਵਿੱਤੀ ਅਧਿਐਨ ਵਿਭਾਗ ਦੇ ਮੁਖੀ ਪ੍ਰੋਫੈਸਰ ਚੰਦਰ ਪ੍ਰਕਾਸ਼ ਗੁਪਤਾ ਨੇ ਮੁੱਖ ਭਾਸ਼ਣ ਦਿੱਤਾ।
    2. 10 ਜੁਲਾਈ ਤੋਂ ਸੋਸ਼ਲ ਸਾਇੰਸਜ਼ ਵਿਸ਼ੇ ‘ਤੇ 21 ਦਿਨਾ ਰਿਫਰੈਸ਼ਰ ਕੋਰਸ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪ੍ਰੋਫੈਸਰ ਬਲਵਿੰਦਰ ਸਿੰਘ ਟਿਵਾਣਾ, ਡਾਇਰੈਕਟਰ, ਅਕਾਦਮਿਕ ਸਟਾਫ ਕਾਲਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੁੱਖ ਭਾਸ਼ਣ ਦਿੱਤਾ।
    3. 6 ਅਗਸਤ ਤੋਂ ਮੁੱਢਲੀ ਖੋਜ ਵਿਧੀ ਤੇ ਖੋਜ ਨੈਤਿਕਤਾ ਵਿਸ਼ੇ ‘ਤੇ ਛੇ ਦਿਨਾ ਵਰਕਸ਼ਾਪ ਸ਼ੁਰੂ ਕੀਤੀ ਗਈ।

3. ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ (ਮੁੜ-ਨਿਯੁਕਤ) ਅਮਰਜੀਤ ਸਿੰਘ ਸੇਠੀ ਨੂੰ ਸ਼੍ਰੀ ਮਾਤਾ ਵੈਸ਼ਨੋ ਦੇਵੀ ਯੂਨੀਵਰਸਿਟੀ ਕਟੜਾ ਵਿਖੇ ICSSR ਵਲੋਂ Economics and Management ਵਿਸ਼ੇ 'ਤੇ ਆਯੋਜਿਤ ਅੰਤਰਰਾਸ਼ਟਰੀ ਕਾਨਫਰੰਸ ਵਿਚ ਪੇਸ਼ ਕੀਤੇ ਗਏ ਖੋਜ ਪੇਪਰ Development Expenditure and Total factor Productivity Growth: An Analysis for Punjab and Haryana States vis-à-vis the Indian Economy ਲਈ ਬੈਸਟ ਪੇਪਰ ਪ੍ਰਾਈਜ਼ ਨਾਲ ਸਨਮਾਨਿਤ ਕੀਤਾ ਗਿਆ।

4. ਡਾ. ਪੰਮੀ ਮਨਚੰਦਾ, ਪ੍ਰੋਫੈਸਰ, ਮੈਥੇਮੈਟਿਕਸ ਵਿਭਾਗ ਮਿਤੀ 13-21 ਅਗਸਤ ਨੂੰ ਸਿਓਲ ਕੋਰੀਆ ਵਿਖੇ ਹੋਣ ਵਾਲੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਗਣਿਤ ਵਿਸ਼ੇ 'ਤੇ ਆਪਣਾ ਭਾਸ਼ਣ ਦੇਣਗੇ।

5. ਕੈਮਿਸਟਰੀ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਡਾ. ਵੰਦਨਾ ਭੱਲਾ ਨੂੰ Chemical Research Society of India, Bengaluru ਨੇ ਉਸ ਵੱਲੋਂ ਕੈਮਿਸਟਰੀ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ bronze medal ਲਈ ਚੁਣਿਆ ਹੈ ਜੋ ਕਿ ਉਸ ਨੂੰ 5 ਤੋਂ 8 ਫਰਵਰੀ, 2015 ਨੂੰ ਪੂਨੇ ਵਿਖੇ ਸੋਸਾਇਟੀ ਦੀ ਹੋਣ ਵਾਲੀ 17ਵੀਂ ਸਲਾਨਾ ਮੀਟਿੰਗ ਦੌਰਾਨ ਦਿੱਤਾ ਜਾਵੇਗਾ।

6. ਯੂਨੀਵਰਸਿਟੀ ਦੀ ਐਥਲੀਟ- ਮਿਸ. ਨਵਜੀਤ ਕੌਰ ਢਿੱਲੋਂ, ਨੇ 22 ਤੋਂ 27 ਜੁਲਾਈ, 2014 ਤੱਕ ਅਮਰੀਕਾ ਵਿਖੇ ਹੋਈ IIAF World Junior Athletic Championship ਵਿਚ ਹਿੱਸਾ ਲਿਆ ਅਤੇ Discuss Throw ਵਿਚ ਕਾਂਸੇ ਦਾ ਮੈਡਲ ਜਿੱਤਿਆ। ਮਿਸ. ਨਵਜੀਤ ਕੌਰ ਢਿੱਲੋਂ ਇਕੱਲੀ ਭਾਰਤੀ ਐਥਲੀਟ ਹੈ ਜਿਸ ਨੇ ਉਕਤ ਚੈਂਪੀਅਨਸ਼ਿਪ ਵਿਚ ਪੁਜੀਸ਼ਨ ਹਾਸਲ ਕੀਤੀ ਹੈ। ਇਸ ਪ੍ਰਾਪਤੀ ਲਈ ਸਨਮਾਨ ਵਜੋਂ ਉਸ ਨੂੰ ਯੂਨੀਵਰਸਿਟੀ ਵੱਲੋਂ 31,000/- ਰੁਪਏ ਦੀ ਨਕਦ ਰਾਸ਼ੀ ਦਿੱਤੀ ਜਾ ਰਹੀ ਹੈ।

7. Ministry of Youth Affairs and Sports, Government of India ਵੱਲੋਂ ਇਸ ਯੂਨੀਵਰਸਿਟੀ ਨੂੰ Synthetic Track for Athletics ਦੀ ਉਸਾਰੀ ਲਈ 5.5 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਾ. ਮੀਨੂੰ, ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੱੜਾ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪੁਸ਼ਟੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮੀਨੂੰ, ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੱੜਾ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਅਸਿਸਟੈਂਟ ਪ੍ਰੋਫੈਸਰ ਵਜੋਂ ਜਾਇਨ ਕਰਨ ਹਿੱਤ ਮਿਤੀ 6.8.2014 ਤੋਂ 5.8.2015 ਤੱਕ, ਇਕ ਸਾਲ ਲਈ, ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਕੀਤੀ ਹੈ।

ਡਾ. ਐਚ.ਐਸ. ਚੋਪੜਾ (ਰਿਟਾ.), ਲਾਇਬ੍ਰੇਰੀਅਨ, ਭਾਈ ਗੁਰਦਾਸ ਲਾਈਬ੍ਰੇਰੀ ਦੀ ਮੁੜ -ਨਿਯੁਕਤੀ ਦੀ ਮਿਆਦ ਵਿਚ ਵਾਧਾ।

18. ਉਪ-ਕੁਲਪਤੀ ਸਾਹਿਬ ਦੀ ਸਿਫਾਰਸ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਐਚ.ਐਸ. ਚੋਪੜਾ (ਰਿਟਾ.), ਲਾਇਬ੍ਰੇਰੀਅਨ, ਭਾਈ ਗੁਰਦਾਸ ਲਾਈਬ੍ਰੇਰੀ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 21.8.2014 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਤੌਰ 'ਤੇ ਭਰੇ ਜਾਣ ਤੱਕ (ਜੋ ਵੀ ਪਹਿਲਾਂ ਹੋਵੇ) ਵਾਧਾ ਕੀਤਾ ਜਾਂਦਾ ਹੈ।

ਸ੍ਰੀ ਜਗਤ ਰਾਮ, ਵਰਕ ਇੰਸਪੈਕਟਰ (ਰਿਟਾ.), ਉਸਾਰੀ ਵਿਭਾਗ ਦੀ ਮੁੜ -ਨਿਯੁਕਤੀ ਦੀ ਮਿਆਦ ਵਿਚ ਵਾਧਾ।

19. ਉਪ-ਕੁਲਪਤੀ ਸਾਹਿਬ ਦੀ ਸਿਫਾਰਸ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਜਗਤ ਰਾਮ, ਵਰਕ ਇੰਸਪੈਕਟਰ (ਰਿਟਾ.), ਉਸਾਰੀ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 11.8.2014 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਛੇ ਮਹੀਨੇ ਦਾ ਵਾਧਾ ਕੀਤਾ ਜਾਂਦਾ ਹੈ।

ਸ੍ਰੀ ਪ੍ਰਤਾਪ ਚੰਦ, ਦਫਤਰੀ, ਉਪ-ਕੁਲਪਤੀ ਦਫਤਰ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਪ੍ਰਤਾਪ ਚੰਦ, ਦਫਤਰੀ, ਉਪ-ਕੁਲਪਤੀ ਦਫਤਰ ਨੂੰ ਮਿਤੀ 31.7.2014 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ 'ਤੇ ਹਾਜਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਮੁੜ-ਨਿਯੁਕਤ ਕੀਤਾ ਹੈ।

ਮਿਸ. ਨਵਜੀਤ ਕੌਰ ਢਿੱਲੋਂ, ਯੂਨੀਵਰਸਿਟੀ ਐਥਲੀਟ ਨੂੰ ਸਨਮਾਨ ਵਜੋਂ 31,000/- ਰੁਪਏ ਦੀ ਨਕਦ ਰਾਸ਼ੀ ਦੇਣ ਦੀ ਪਰਵਾਨਗੀ।

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਦੀ ਐਥਲੀਟ- ਮਿਸ. ਨਵਜੀਤ ਕੌਰ ਢਿੱਲੋਂ, ਜਿਸਨੇ 22 ਤੋਂ 27 ਜੁਲਾਈ, 2014 ਤੱਕ ਅਮਰੀਕਾ ਵਿਖੇ ਹੋਈ IIAF World Junior Athletic Championship ਵਿਚ ਹਿੱਸਾ ਲਿਆ, ਨੂੰ Discuss Throw ਵਿਚ ਕਾਂਸੇ ਦਾ (Bronze) ਮੈਡਲ ਜਿੱਤਣ ਲਈ ਸਨਮਾਨ ਵਜੋਂ 31,000/- ਰੁਪਏ ਦੀ ਨਕਦ ਰਾਸ਼ੀ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸ਼੍ਰੀ ਰਜਤ ਜੋਸ਼ੀ, ਐਡਵੋਕੇਟ, ਅੰਮ੍ਰਿਤਸਰ ਨੂੰ** Amardeep Secondary School, Mukandpur V/s RPFC, Jalandhar **ਕੇਸ ਦੀ ਪੈਰਵੀ ਹਿੱਤ 35,430/- ਰੁਪਏ ਦੀ ਪੇਸ਼ਗੀ ਅਦਾਇਗੀ ਦੀ ਪੁਸ਼ਟੀ।**

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਰਜਤ ਜੋਸ਼ੀ, ਐਡਵੋਕੇਟ, ਅੰਮ੍ਰਿਤਸਰ ਨੂੰ Amardeep Secondary School, Mukandpur V/s RPFC, Jalandhar ਕੇਸ ਦੀ ਪੈਰਵੀ ਹਿੱਤ 35,430/- ਰੁਪਏ (33,000+2430/- Misc. Expenses) ਦੀ ਪੇਸ਼ਗੀ ਅਦਾਇਗੀ ਕਰਨ ਦੀ ਆਗਿਆ ਦਿੱਤੀ ਹੈ।

**B.A.LL.B. , ਰਿਜਨਲ ਕੈਂਪਸ, ਗੁਰਦਾਸਪੁਰ ਦੇ ਦੋ ਵਿਦਿਆਰਥੀਆਂ ਨੂੰ 20000/- ਰੁਪਏ ਪੀਨਲ ਫੀਸ ਨਾਲ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।**

23. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ B.A.LL.B., ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਦੇ ਹੇਠ ਲਿਖੇ ਵਿਦਿਆਰਥੀਆਂ ਨੂੰ, ਜੋ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਮਿਲਣਯੋਗ ਸਾਰੇ ਮੌਕਿਆਂ ਦੇ ਬਾਵਜੂਦ ਵੀ ਆਪਣੀ Re-appear ਪਾਸ ਨਹੀਂ ਕਰ ਸਕੇ, ਨੂੰ 20000/- ਰੁਪਏ ਪੀਨਲ ਫੀਸ ਅਤੇ ਨਾਰਮਲ ਫੀਸ ਨਾਲ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ:-

| ਕ੍ਰਮ ਨੰ: | ਨਾਮ ਅਤੇ ਰੋਲ ਨੰ: | ਸਮੈਸਟਰ | ਵਿਸ਼ਾ |
|---|---|---|---|
| 1. | ਹਰਸਿਮਰਨਜੀਤ ਸਿੰਘ, 71059 | ਸਤੱਵਾਂ | Alternative Dispute Resolution System |
| 2. | ਸ਼ਿਵਮ ਅਬਰੋਲ, 71044 | ਪੰਜਵਾਂ | Labour Law |

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪਰਵਾਨਗੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਅੱਗੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਰਵੀ ਚਾਂਦ ਸਿੰਘ, ਪ੍ਰੋਫੈਸਰ, ਫਿਜ਼ਿਕਸ ਵਿਭਾਗ | Materials Science Technology Conference and Exhibition to be held in Pittsburgh, USA from 12-16 October, 2014. |

**ਸੈਸ਼ਨ 2014-15 ਲਈ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸਸ, ਯੂਨੀਵਰਸਿਟੀ ਕਾਲਜ, ਜਲੰਧਰ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ ਅਤੇ ਕਾਂਸਟੀਚੂਐਂਟ ਕਾਲਜਾਂ ਵਿਖੇ ਅਸਿਸਟੈਂਟ ਪ੍ਰੋਫੈਸਰਾਂ ਦੀ ਨਿਯੁਕਤੀ ਦੀ ਪੁਸ਼ਟੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਚੋਣ-ਕਮੇਟੀਆਂ ਦੀਆਂ ਸ਼ਿਫਾਰਸ਼ਾਂ ਦੇ ਆਧਾਰ 'ਤੇ ਕੰਟ੍ਰੈਕਟ/ ਅੰਸ਼ ਕਾਲੀ ਆਧਾਰ 'ਤੇ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸ, ਜਲੰਧਰ, ਗੁਰਦਾਸਪੁਰ, ਫੱਤੂ ਢੀਂਗਾ, ਸਠਿਆਲਾ, ਯੂਨੀਵਰਸਿਟੀ ਕਾਲਜ, ਜਲੰਧਰ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ ਅਤੇ ਕਾਂਸਟੀਚੂਐਂਟ ਕਾਲਜਾਂ ਵਿਖੇ ਸੈਸ਼ਨ 2014-15 ਲਈ **ਅੰਤਿਕਾ** ਅਨੁਸਾਰ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ ਕੀਤੀਆਂ ਹਨ।

**ਸ੍ਰੀ ਕੰਵਰ ਮਨਦੀਪ ਸਿੰਘ ਢਿੱਲੋਂ, ਅਸਿਸਟੈਂਟ ਡਾਇਰੈਕਟਰ (ਫੀਲਡ) ਨੂੰ ਵਿਦੇਸ਼ ਜਾਣ ਦੀ ਪੁਸ਼ਟੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਕੰਵਰ ਮਨਦੀਪ ਸਿੰਘ ਢਿੱਲੋਂ, ਅਸਿਸਟੈਂਟ ਡਾਇਰੈਕਟਰ (ਫੀਲਡ), ਸਪੋਰਟਸ ਵਿਭਾਗ ਦੀ ਮਿਤੀ 21.7.2014 ਤੋਂ 14.8.2014 ਤੱਕ ਅਮਰੀਕਾ ਵਿਚ family function ਵਿਚ ਸ਼ਾਮਲ ਹੋਣ ਲਈ 25 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਕੀਤੀ ਹੈ।

(ਅ) ਉਕਤ (ੳ) ਅਧੀਨ ਸ੍ਰੀ ਕੰਵਰ ਮਨਦੀਪ ਸਿੰਘ ਢਿੱਲੋਂ ਦੀ ਮਿਤੀ 21.7.2014 ਦੇ ਬੇਨਤੀ ਪੱਤਰ ਨੂੰ ਮੁੱਖ ਰੱਖਦਿਆਂ ਉਸਦੀ ਮਿਤੀ 21.7.2014 ਤੋਂ 14.8.2014 ਤੱਕ 25 ਦਿਨਾਂ ਦੀ ਕਮਾਈ ਛੁੱਟੀ ਰੱਦ ਕਰਦਿਆਂ ਮਿਤੀ 1.8.2014 ਤੋਂ 29.8.2014 ਤੱਕ 29 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਕਰਦਿਆਂ family function ਵਿਚ ਸ਼ਾਮਲ ਹੋਣ ਲਈ ਅਮਰੀਕਾ ਜਾਣ ਦੀ ਆਗਿਆ ਦਿੱਤੀ ਹੈ।

**ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 4.8.2014 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 4.8.2014 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ ਬੱਸ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ ਬੱਸ ਨੰਬਰ PB32-B-4967, ਜਿਸ ਦੀ ਕੀਮਤ 6,38,700/- ਰੁਪਏ ਹੈ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕੀ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 8.8.2014 ਦੀਆਂ ਸਿਫਾਰਸ਼ਾਂ

(**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

29. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਸਰਦੂਲ ਸਿੰਘ | ਕੈਨੇਡਾ ਦੀ ਪੰਜਾਬੀ ਕਵਿਤਾ: ਉਤਰ ਆਧੁਨਿਕ ਪਰਿਪੇਖ | ਪੰਜਾਬੀ- ਲੈਂਗੂਏਜ਼ਿਜ਼ ਫੈਕਲਟੀ। |
| 2. | ਕਦਾਂਬਰੀ ਨਈਅਰ | Roll of Media in Creating Health Awareness: A Case Study of Jalandhar City. | ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 3. | ਮੁਖਤਾਰ ਸਿੰਘ | ਨਵਤੇਜ ਭਾਰਤੀ ਅਤੇ ਅਜਮੇਰ ਰੋਡੇ ਦੀ ਕਵਿਤਾ ਦਾ ਵਿਚਾਰਧਾਰਾਈ ਅਧਿਐਨ (ਲੀਲ੍ਹਾ ਦੇ ਆਧਾਰ ਤੇ) | ਪੰਜਾਬੀ- ਲੈਂਗੂਏਜ਼ਿਜ਼ ਫੈਕਲਟੀ। |
| 4. | ਸੁਖਵਿੰਦਰ ਕੌਰ | ਬਰਤਾਨਵੀਂ ਪੰਜਾਬੀ ਗਜ਼ਲ: ਵਿਚਾਰਧਾਰਾਈ ਅਧਿਐਨ (ਈਸ਼ਵਰ ਚਿਤ੍ਰਕਾਰ, ਨਿਰੰਜਨ ਸਿੰਘ ਨੂਰ, ਮੁਸ਼ਤਾਕ ਸਿੰਘ ਮੁਸ਼ਤਾਕ, ਗੁਰਦਾਸ ਸਿੰਘ ਪਰਮਾਰ, ਗੁਰਸ਼ਰਨ ਸਿੰਘ ਅਜੀਬ ਦੇ ਸੰਦਰਭ ਵਿਚ) | - ਉਹੀ - |
| 5. | ਹਰਮਿੰਦਰਪ੍ਰੀਤ ਕੌਰ | Evaluation of Insecticidal Potential of Endophytic Fungi Isolated from Azadirachta indica A.juss, against Spodoptera litura (Fabricius) (Lepidoptera: Noctuidae). | ਜ਼ੁਆਲੋਜੀ- ਲਈਫ ਸਾਇੰਸਜ਼ ਫੈਕਲਟੀ। |
| 6. | ਪੂਜਾ ਚੁੱਘ | Role of National Consumer Disputes Redressal Commission (NCDRC) in the Growth and Consolidation of Consumer Protection Movement in India. | ਲਾਅ- ਲਾਅਜ਼ ਫੈਕਲਟੀ। |
| 7. | ਸ਼ਿਵਾਲੀ ਸ਼ਰਮਾ | Synthesis and Structure Diversification of Heterocyclic and Macrocyclic Entities. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 8. | ਬਲਬਿੰਦਰ ਸਿੰਘ | A Study of Personality and Cognitive Correlates of Novelty and Meaning Types of Creativity. | ਸਾਈਕਾਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |

**ਪ੍ਰੋਫੈਸਰ ਸੁਖਪ੍ਰੀਤ ਸਿੰਘ, ਕੈਮਿਸਟਰੀ ਵਿਭਾਗ ਨੂੰ Sapporo, Japan ਵਿਖੇ Conference ਵਿਚ ਸ਼ਾਮਲ ਹੋਣ ਦੀ ਪਰਵਾਨਗੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰੋਫੈਸਰ ਸੁਖਪ੍ਰੀਤ ਸਿੰਘ, ਕੈਮਿਸਟਰੀ ਵਿਭਾਗ ਨੂੰ Sapporo, Japan ਵਿਖੇ ਮਿਤੀ 8-10 ਸਤੰਬਰ, 2014 ਨੂੰ "New Generation Cationic Sufactants: Synthesis, Self-assembly and Bio-physical properties" topic 'ਤੇ ਹੋਣ ਵਾਲੀ 1st Asian Conference on Oleo Science

ਵਿਚ ਸਬੰਧਤ ਸੰਸਥਾ ਦੇ ਖਰਚੇ 'ਤੇ ਸ਼ਾਮਲ ਹੋਣ ਲਈ ਅਤੇ ਮਿਤੀ 8.9.2014 ਤੋਂ 10.9.2014 ਤੱਕ Special Casual Leave (with permission to travel from September 06 and return on September 12 i.e. September 6th ,7th ,11th and 12th be allowed as journey days) ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸ੍ਰੀਮਤੀ ਅਮਰਜੀਤ ਕੌਰ ਅਲੰਗ, ਪ੍ਰੋਫੈਸ਼ਨਲ ਸਹਾਇਕ (ਰਿਟਾ.), ਸੋਸ਼ਿਆਲੋਜੀ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀਮਤੀ ਅਮਰਜੀਤ ਕੌਰ ਅਲੰਗ, ਪ੍ਰੋਫੈਸ਼ਨਲ ਸਹਾਇਕ (ਰਿਟਾ.), ਸੋਸ਼ਿਆਲੋਜੀ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 3.9.2014 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 4.9.2014 ਤੋਂ 7.9.2014 ਤੱਕ ਚਾਰ ਦਿਨਾਂ ਦੀ ਬ੍ਰੇਕ ਦੇ ਕੇ ਮਿਤੀ 8.9.2014 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

ਸੈਸ਼ਨ 2014-15 ਦੌਰਾਨ ਸਬੰਧਤ ਉਮੀਦਵਾਰਾਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਦੌਰਾਨ ਹੇਠ ਲਿਖੇ ਵਿਦਿਆਰਥੀਆਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਖਾਲੀ ਸੀਟਾਂ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਮਿਤੀ 13.8.2014 ਤੱਕ ਦਾਖਲੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਕਲਾਸ |
|---|---|---|
| 1. | ਮਿਸ. ਮਨਪ੍ਰੀਤ ਕੌਰ | M.Sc. (Food Technology) |
| 2. | ਸ੍ਰੀ ਨਵਜੋਤ ਸਿੰਘ | - do- |
| 3. | ਮਿਸ. ਸ਼ੁਭਾਂਗੀ ਸ਼ਰਮਾ | B.Arch. |
| 4. | ਸ੍ਰੀ ਯੋਗੇਸ਼ ਗਰਗ | MBA (General) |
| 5. | ਮਿਸ. ਪਰਮਪ੍ਰੀਤ ਕੌਰ | MBA(Hons) MRM |

ਸੈਸ਼ਨ 2014-15 ਦੌਰਾਨ ਸਬੰਧਤ ਉਮੀਦਵਾਰਾਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ।

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਦੌਰਾਨ ਬੀ.ਟੈਕ. (ਫੂਡ ਟੈਕਨਾਲੋਜੀ) ਵਿਚ ਹੇਠ ਲਿਖੇ ਵਿਦਿਆਰਥੀਆਂ ਨੂੰ ਬਣਦੀ ਦਾਖਲਾ ਫੀਸ ਤੋਂ ਇਲਾਵਾ 2000/- ਕੌਂਸਲਿੰਗ ਫੀਸ ਅਤੇ 5000/- ਰੁਪਏ ਲੇਟ ਫੀਸ ਨਾਲ ਮਿਤੀ 13.8.2014 ਤੱਕ ਦਾਖਲਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ |
|---|---|
| 1. | ਸ੍ਰੀ ਨੀਰਜ ਸਿੰਘ |
| 2. | ਸ੍ਰੀ ਧਰਮਵੀਰ ਸਿੰਘ |

ਸ਼੍ਰੀ ਕਰਨਬੀਰ ਸਿੰਘ ਸਹੋਤਾ ਨੂੰ 5000/- ਰੁਪਏ ਲੇਟ ਫੀਸ ਨਾਲ **B.A.(Honours) (Social Sciences) Sem-I ਵਿਚ ਮੁੜ-ਦਾਖਲੇ** ਦੀ ਪਰਵਾਨਗੀ।

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2013-14 ਦੌਰਾਨ ਸ਼੍ਰੀ ਕਰਨਬੀਰ ਸਿੰਘ ਸਹੋਤਾ, ਜੋ ਕਿ Credit Based Evaluation Grading System ਅਧੀਨ B.A.(Honours) (Social Sceince) ਦੇ ਪਹਿਲੇ ਸਮੈਸਟਰ ਵਿਚ ਫੇਲ੍ਹ ਹੋ ਗਿਆ ਸੀ, ਅਤੇ ਸੈਸ਼ਨ 2014-15 ਵਾਸਤੇ ਮੁੜ-ਦਾਖਲੇ ਲਈ ਆਪਣੀ ਫੀਸ ਸਮੇਂ ਸਿਰ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ 5000/- ਰੁਪਏ ਲੇਟ ਫੀਸ ਨਾਲ ਉਕਤ ਕੋਰਸ ਵਿਚ ਮੁੜ-ਦਾਖਲੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸ਼੍ਰੀ ਹਰਪਾਲ ਸਿੰਘ ਨੂੰ 5000/- ਰੁਪਏ ਲੇਟ ਫੀਸ ਨਾਲ **MBA(General) Sem-I ਵਿਚ ਮੁੜ-ਦਾਖਲੇ** ਦੀ ਪਰਵਾਨਗੀ।

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2012-13 ਦੌਰਾਨ ਸ਼੍ਰੀ ਹਰਪਾਲ ਸਿੰਘ, ਜੋ ਕਿ Credit Based Evaluation Grading System ਅਧੀਨ MBA(General) ਦੇ ਪਹਿਲੇ ਸਮੈਸਟਰ ਦੇ MGL-402 (Quantitative Methods for Management) ਵਿਸ਼ੇ ਵਿਚੋਂ ਫੇਲ੍ਹ ਹੋ ਗਿਆ ਸੀ, ਅਤੇ ਸਮੈਸਟਰ ਤੀਜੇ ਵਿਚ ਰੀ-ਅਪੀਅਰ ਦਾ ਮੌਕਾ ਮਿਲਣ 'ਤੇ F Grade ਪ੍ਰਾਪਤ ਕਰਕੇ ਫਿਰ ਫੇਲ੍ਹ ਹੋ ਗਿਆ ਸੀ, ਸੈਸ਼ਨ 2014-15 ਵਾਸਤੇ ਮੁੜ-ਦਾਖਲੇ ਲਈ ਉਹ ਆਪਣੀ ਫੀਸ ਸਮੇਂ ਸਿਰ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ 5000/- ਰੁਪਏ ਲੇਟ ਫੀਸ ਨਾਲ ਉਕਤ ਕੋਰਸ ਦੇ ਪਹਿਲੇ ਸਮੈਸਟਰ ਵਿਚ ਮੁੜ-ਦਾਖਲੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**M.Sc.(Hons.) FMT Sem-I** ਵਿਚ ਖਾਲੀ ਸੀਟਾਂ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ।

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਦੌਰਾਨ M.Sc.(Hons.) FMT Sem-I ਵਿਚ ਖਾਲੀ ਸੀਟਾਂ ਵਿਰੁੱਧ ਮਿਸ. ਮਾਧਵੀ ਪੁੱਤਰੀ ਰਾਜ ਕੁਮਾਰ ਸ਼ਰਮਾ ਨੂੰ 1000/- ਰੁਪਏ ਪ੍ਰੋਸੈਸਿੰਗ ਫੀਸ ਅਤੇ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਡਾ. ਬੀ.ਐਸ. ਚੱਢਾ, ਪ੍ਰੋਫੈਸਰ, ਮਾਈਕ੍ਰੋਬਿਆਲੋਜੀ ਵਿਭਾਗ ਦੀ ਸਬੈਟੀਕਲ ਛੁੱਟੀ ਰੱਦ ਕਰਨ ਦੀ ਪਰਵਾਨਗੀ।

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਬੀ.ਐਸ. ਚੱਢਾ, ਪ੍ਰੋਫੈਸਰ, ਮਾਈਕ੍ਰੋਬਿਆਲੋਜੀ ਵਿਭਾਗ ਦੀ Canada ਵਿਖੇ Prof. Adrian Tsang, University of Concordia ਦੀ ਲੈਬ ਵਿਚ cutting field of Research ਹਿੱਤ DBT-CREST fellowship ਅਵੇਲ ਕਰਨ ਲਈ ਸਿੰਡੀਕੇਟ ਦੀ ਇੱਕਤਰਤਾ ਮਿਤੀ 23.12.2013 ਦੇ ਪੈਰਾ ਨੰ: 6 ਰਾਹੀਂ ਮਿਤੀ 30.3.2014 ਤੋਂ 30.9.2014 ਤੱਕ ਪੂਰੀ ਤਨਖਾਹ 'ਤੇ ਪ੍ਰਵਾਨ ਹੋਈ ਸਬੈਟੀਕਲ ਛੁੱਟੀ ਸਬੰਧੀ ਉਨ੍ਹਾਂ ਦੀ ਮਿਤੀ 7.7.2014 ਦੀ ਬੇਨਤੀ ਨੂੰ ਮੁੱਖ ਰੱਖਦਿਆਂ ਮਿਤੀ 7.7.2014 ਤੋਂ 30.9.2014 ਤੱਕ ਸਬੈਟੀਕਲ ਛੁੱਟੀ ਰੱਦ ਕੀਤੀ ਜਾਂਦੀ ਹੈ।

ਡਾ. ਰਾਕੇਸ਼ ਮੋਹਨ ਸ਼ਰਮਾ, ਪ੍ਰਿੰਸੀਪਲ, ਸ਼ਹੀਦ ਰਾਮ ਸਿੰਘ ਪਠਾਨੀਆਂ ਮੈਮੋਰੀਅਲ ਯੂਨੀਵਰਸਿਟੀ ਕਾਲਜ, ਨਿਆੜੀ ਨੂੰ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦਾ ਵਾਧੂ ਚਾਰਜ ਸੰਭਾਲਣ ਦੇ ਇਵਜ਼ ਵਿਚ ਸਫਰੀ ਭੱਤਾ ਦੇਣ ਦੀ ਪਰਵਾਨਗੀ।

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਰਾਕੇਸ਼ ਮੋਹਨ ਸ਼ਰਮਾ, ਪ੍ਰਿੰਸੀਪਲ, ਸ਼ਹੀਦ ਰਾਮ ਸਿੰਘ ਪਠਾਨੀਆਂ ਮੈਮੋਰੀਅਲ ਯੂਨੀਵਰਸਿਟੀ ਕਾਲਜ, ਨਿਆੜੀ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦਾ ਵਾਧੂ ਚਾਰਜ ਸੰਭਾਲਣ ਦੇ ਇਵਜ਼ ਵਿਚ 10,000/- ਰੁਪਏ ਪ੍ਰਤੀ ਮਹੀਨਾ ਸਫਰੀ ਭੱਤਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਅਧਿਆਪਕਾਂ ਦੀ ਸਿੱਧੀ ਭਰਤੀ/ਤਰੱਕੀ ਲਈ ਵੱਖ-ਵੱਖ ਚੋਣ ਕਮੇਟੀਆਂ/ ਸਕਰੀਨਿੰਗ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

39. ਹੇਠਾਂ ਦਰਸਾਏ ਅਨੁਸਾਰ ਅਧਿਆਪਕਾਂ ਦੀ ਤੱਰਕੀ/ ਸਿੱਧੀ ਭਰਤੀ ਲਈ ਵੱਖ-ਵੱਖ ਚੋਣ ਕਮੇਟੀਆਂ/ ਸਕਰੀਨਿੰਗ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**<u>Promotion Under Career Advancement Scheme</u>**

| | |
|---|---|
| 1. Professor, Physics | 1. Dr. Atul Khanna, Associate Professor |
| | 2. Dr. Davinder Pal Singh, Associate Professor |
| | 3. Dr. Kanwarjit Singh Associate Professor |
| | 4. Dr. Naresh Pal Singh Associate Professor |

**<u>Direct Recruitment</u>**

1. Assistant Professor, Physics
2. Assistant Professor, Chemistry
3. Registrar

**ਪਾਸ ਹੋਇਆ** ਕਿ-

(ੳ) ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ ਅਧਿਆਪਕਾਂ ਨੂੰ Professor (Stage 5) ਵਜੋਂ 37400-67000+10000 AGP ਦੇ ਗ੍ਰੇਡ ਵਿਚ, ਉਨ੍ਹਾਂ ਦੀ ਬੇਨਤੀ ਪੱਤਰ ਦੀ ਮਿਤੀ ਤੋਂ ਪ੍ਰਮੋਟ ਕੀਤਾ ਜਾਂਦਾ ਹੈ:-

| | |
|---|---|
| 1. Professor, Physics | 1. Dr. Atul Khanna, Associate Professor |

2. Dr. Davinder Paul Singh,
   Associate Professor

3. Dr. Kanwarjit Singh
   Associate Professor

4. Dr. Naresh Pal Singh
   Associate Professor

(ਅ) ਵੱਖ-ਵੱਖ ਅਸਾਮੀਆਂ ਲਈ ਸਿੱਧੀ ਭਰਤੀ ਰਾਹੀਂ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਹੇਠ ਲਿਖੇ ਅਨੁਸਾਰ ਵਿਅਕਤੀਆਂ ਦੀ ਨਿਯੁਕਤੀ ਕੀਤੀ ਜਾਂਦੀ ਹੈ:-

**Assistant Professor,Physics**

**General Category:** 1. Dr. Sandeep Sharma S/o Sh. Kishore Chand
2. Dr. Mandeep Singh S/o Sh. Daulat Singh

**SC/ST Category :** 1. Ms. Harjeet Kaur D/o Sh. Bhajan Lal
2. Ms. Paramjit Kaur D/o Sh. Satpal

**Assistant Professor, Chemsitry**

**General Category:**

**Physical Chemistry:** 1. Dr. Venus Singh Mithu
S/o Sh. Baldev Singh

**Registrar**

Prof. Sharanjit Singh Dhillon S/o Sh. Khazan Singh Dhillon
( for Four years or upto the completion of age of 60 years, whichever is earlier) in the Pay Scale of 37400-67000+10000AGP.

ਇਹ **ਨੋਟ ਕੀਤਾ** ਕਿ Inorganic Chemistry ਵਿਚ ਕੋਈ ਵੀ ਉਮੀਦਵਾਰ (ਸਮੇਤ SC/ST) ਯੋਗ ਨਹੀਂ ਪਾਇਆ ਗਿਆ।

ਟੈਕਨੀਕਲ ਸਟਾਫ ਨੂੰ ਸੋਧੇ ਤਨਖਾਹ ਸਕੇਲ ਦੇਣ ਦੀ ਪਰਵਾਨਗੀ।

40. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸਿੰਡੀਕੇਟ ਦੀ ਇੱਕਤਰਤਾ ਮਿਤੀ 4.11.2012 ਦੇ ਪੈਰਾ ਨੰ: 49 ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਿੰਡੀਕੇਟ ਦੀ ਇੱਕਤਰਤਾ ਮਿਤੀ 28.12.2013 ਦੇ ਪੈਰਾ ਨੰ: 2 ਰਾਹੀਂ ਲਏ ਗਏ ਨਿਰਣੇ ਦੇ ਆਧਾਰ 'ਤੇ ਇਸ ਯੂਨੀਵਰਸਿਟੀ ਵਿਖੇ ਕੰਮ ਕਰਦੇ ਹੇਠ ਲਿਖੇ ਟੈਕਨੀਕਲ ਸਟਾਫ ਦੇ

ਤਨਖਾਹ ਸਕੇਲ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਲਾਗੂ ਕਰਨ 'ਤੇ ਵਿਚਾਰ ਹੋਈ:-

| ਕ੍ਰਮ ਨੰ: | ਅਹੁਦਾ | ਇਸ ਯੂਨੀਵਰਸਿਟੀ ਵਿਖੇ ਮੌਜੂਦਾ ਸਕੇਲ | ਪੰਜਾਬ/ ਪੰਜਾਬੀ ਯੂਨੀਵਰਸਿਟੀ ਦੇ ਆਧਾਰ 'ਤੇ ਨਵੇਂ ਸਕੇਲ |
|---|---|---|---|
| 1. | Junior Technician | 5910-20200+2400 GP | 10300-34800+ 3200 GP |
| 2. | Technician/ Technician (Store) | 10300-34800+3200 GP | 10300-34800+ 3800 GP |
| 3. | Sr. Technician/ Sr. Mechanic | 10300-34800+3800 GP | 10300-34800+ 4400 GP |
| 4. | Sr. Technical Asstt/ Lab Supdt. | 10300-34800+4800 GP | 10300-34800+ 5000 GP |

**ਪਾਸ ਹੋਇਆ** ਕਿ ਟੈਕਨੀਕਲ ਕੇਡਰ ਦਾ ਗ੍ਰੇਡ ਕਲੈਰੀਕਲ ਕੇਡਰ ਦੇ ਐਟਪਾਰ ਕਰਨ ਬਾਰੇ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 1.8.2014 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸੈਸ਼ਨ 2014-15 ਦੌਰਾਨ ਸਬੰਧਤ ਉਮੀਦਵਾਰਾਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ।

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਦੌਰਾਨ ਬੀ.ਟੈਕ. (ਫੂਡ ਟੈਕਨਾਲੋਜੀ) ਵਿਚ ਹੇਠ ਲਿਖੇ ਵਿਦਿਆਰਥੀਆਂ ਨੂੰ ਬਣਦੀ ਦਾਖਲਾ ਫੀਸ ਤੋਂ ਇਲਾਵਾ 2000/- ਕੌਂਸਲਿੰਗ ਫੀਸ ਅਤੇ 5000/- ਰੁਪਏ ਲੇਟ ਫੀਸ ਨਾਲ ਮਿਤੀ 13.8.2014 ਤੱਕ ਦਾਖਲੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ |
|---|---|
| 1. | ਮਿਸ. ਹਰਮਨਜੋਤ ਕੌਰ ਸੇਖੋਂ |
| 2. | ਸ਼੍ਰੀ ਬੋਬਿਨਦੀਪ ਸਿੰਘ |

ਡਾ. ਅਮਰਜੀਤ ਸਿੰਘ ਸੇਠੀ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਕਾਨਫਰੈਂਸ ਵਿਚ ਸ਼ਾਮਲ ਹੋਣ ਲਈ ਨੀਦਰਲੈਂਡ ਜਾਣ ਦੀ ਆਗਿਆ।

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਅਮਰਜੀਤ ਸਿੰਘ ਸੇਠੀ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਪੰਜਾਬ ਸਕੂਲ ਆਫ ਇਕਨਾਮਿਕਸ ਨੂੰ 33rd General Conference at Rottedam, Netherland ਵਿਖੇ ਆਪਣਾ ਰਿਸਰਚ ਪੇਪਰ International Association for Research in Income and Wealth (IARIW) ਪੇਸ਼ ਕਰਨ ਹਿੱਤ ਮਿਤੀ 24.8.2014 ਤੋਂ 3.9.2014 ਤੱਕ ਨੀਦਰਲੈਂਡ ਜਾਣ ਦੀ ਆਗਿਆ ਦਿੱਤੀ ਜਾਂਦੀ ਹੈ।

ਸੈਸ਼ਨ 2014-15 ਦੌਰਾਨ ਸਬੰਧਤ ਉਮੀਦਵਾਰਾਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਦੌਰਾਨ ਬੀ.ਟੈਕ. (ਫੂਡ ਟੈਕਨਾਲੋਜੀ) ਵਿਚ ਹੇਠ ਲਿਖੇ ਵਿਦਿਆਰਥੀਆਂ ਨੂੰ ਬਣਦੀ ਦਾਖਲਾ ਫੀਸ ਤੋਂ ਇਲਾਵਾ 2000/- ਕੌਂਸਲਿੰਗ ਫੀਸ ਅਤੇ 5000/- ਰੁਪਏ ਲੇਟ ਫੀਸ ਨਾਲ ਮਿਤੀ 13.8.2014 ਤੱਕ ਦਾਖਲੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ |
|---|---|
| 1. | ਸ਼੍ਰੀ ਇੰਦਰਬੀਰ ਸਿੰਘ ਸੰਧੂ |
| 2. | ਸ਼੍ਰੀ ਮੋਹਿਤ ਕੁਮਾਰ |

ਸੈਸ਼ਨ 2014-15 ਦੌਰਾਨ M.Tech. CSE Sem-I ਦੇ ਦਾਖਲੇ ਦੀ ਉਡੀਕ ਸੂਚੀ ਵਿਚੋਂ ਉਮੀਦਵਾਰਾਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ।

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਦੌਰਾਨ ਰਿਜਨਲ ਕੈਂਪਸ, ਜਲੰਧਰ ਵਿਖੇ M.Tech. CSE Sem-I ਦੇ ਦਾਖਲੇ ਦੀ ਉਡੀਕ ਸੂਚੀ ਵਿਚੋਂ ਉਮੀਦਵਾਰਾਂ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਖਾਲੀ ਸੀਟਾਂ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਮਿਤੀ 13.8.2014 ਤੱਕ ਦਾਖਲੇਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਵਿਖੇ ਕੰਟ੍ਰੈਕਟ ਆਧਾਰ 'ਤੇ ਕੰਮ ਕਰ ਰਹੇ ਅਧਿਆਪਕਾਂ ਦੀ ਤਨਖਾਹ ਵਧਾਉਣ ਦੀ ਪਰਵਾਨਗੀ।

45. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਵਿਖੇ ਕੰਟ੍ਰੈਕਟ ਆਧਾਰ 'ਤੇ ਕੰਮ ਕਰ ਰਹੇ ਅਧਿਆਪਕਾਂ ਦੀ ਬੱਝਵੀਂ ਤਨਖਾਹ 10,000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 12,000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਂਦੀ ਹੈ।

ਡਾ. ਐਚ.ਐਸ. ਰੰਧਾਵਾ, ਡਿਪਟੀ ਡਾਇਰੈਕਟਰ, ਸਪੋਰਟਸ ਅਤੇ ਮੁਖੀ ਵਿਭਾਗ ਦੀ ਮੁੜ-ਨਿਯੁਕਤੀ।

46. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਐਚ.ਐਸ. ਰੰਧਾਵਾ, ਡਿਪਟੀ ਡਾਇਰੈਕਟਰ, ਸਪੋਰਟਸ ਅਤੇ ਮੁਖੀ ਵਿਭਾਗ, ਜੋ ਮਿਤੀ 31.8.2014 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਇਕ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

ਪੱਕੀ ਕੀਤੀ ਗਈ

-ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ